# WITS ਪ੍ਰੋਗਰਾਮ

ਸਬੂਤਾਂ ਦੇ ਅਧਾਰ ਤੇ WITS ਅਤੇ WITS LEADS ਪ੍ਰੋਗਰਾਮ ਸਕੂਲਾਂ ਪਰਿਵਾਰਾਂ ਅਤੇ ਕਮਿਊਨਿਟੀਆਂ ਦੇ ਲੋਕਾਂ ਨੂੰ, ਐਲੀਮੈਂਟਰੀ ਸਕੂਲ ਦੇ ਬੱਚਿਆਂ ਨੂੰ ਬੁਲਿੰਗ ਅਤੇ ਹੋਰ ਬੱਚਿਆਂ ਦੀ ਬਦਮਾਸ਼ੀ ਨਾਲ ਨਜਿਠਣ ਲਈ ਉਨ੍ਹਾਂ ਨੂੰ ਤਿਆਰ ਕਰਨਾ।




## WITS ਪ੍ਰਾਇਮਰੀ ਪ੍ਰੋਗਰਾਮ:

- WITS ਨਾਲ ਚੱਲਣ ਲਈ ਖੜ੍ਹੇ ਹੋਣਾ, ਅਣਦੇਖਿਆ ਕਰਨਾ, ਇਸ ਬਾਰੇ ਗੱਲ ਕਰਨਾ, ਮੱਦਦ ਮੰਗਣਾ।
- ਹੋਰ ਬੱਚਿਆ ਦੀ ਬਦਮਾਸ਼ੀ ਬਾਰੇ ਕਿੰਡਰਗਾਰਟਨ ਤੋਂ ਗਰੇਡ 3 ਤੱਕ ਬੱਚਿਆਂ ਨੂੰ ਸੁੱਰਿਖਅਤ ਅਤੇ ਉਸਾਰੂ ਗੱਲਾਂ ਬਾਰੇ ਦੱਸਣਾ।
- ਬੱਚਿਆਂ ਅਤੇ ਵੱਡਿਆਂ ਨੂੰ ਇਸ ਤਰ੍ਹਾਂ ਦਾ ਵਾਤਾਵਰਣ ਦੇਣਾ ਕਿ ਉਹ ਦੂਜੇ ਬੱਚਿਆਂ ਦੀ ਬਦਮਾਸ਼ੀ ਦੇ ਖਿਲਾਫ ਆਪਣੀ ਭਾਸ਼ਾ ਵਿਚ ਗੱਲ ਕਰ ਸਕਣ।

## WITS ਲੀਡ ਪ੍ਰੋਗਰਾਮ:

- ਦੇਖਣਾ, ਸੁਣਨਾ ਅਤੇ ਆਪਣੇ ਨਜ਼ਰੀਏ ਨੂੰ ਦੱਸਣਾ, ਉਸ ਤੇ ਕੰਮ ਕਰਨਾ ਅਤੇ ਦੇਖਣਾ ਕਿ ਇਹ ਕੰਮ ਕਰੇਗਾ? ਅਤੇ ਮੱਦਦ ਕਰਨਾ।
- 4-6 ਗਰੇਡ ਦੇ ਬੱਚਿਆਂ ਦੀਆਂ ਮੁਸ਼ਿਕਲਾਂ ਨੂੰ ਹੱਲ ਕਰਨ ਦੀਆਂ ਤਕਨੀਕਾਂ  ਬਾਰੇ ਦੱਸਣਾ ਤਾਂ ਕਿ ਉਹ ਸੁਰਿੱਖਅਤ ਰਹਿ ਸਕਣ।
- ਐਲੀਮੈਂਟਰੀ ਸਕੂਲ ਦੇ ਵੱਡੇ ਬੱਚਿਆਂ ਨੂੰ ਇਸ ਤਰ੍ਹਾਂ ਦੀਆਂ ਤਕਨੀਕਾਂ ਦੱਸਣਾ ਤਾਂਕਿ ਉਹ ਆਪਣੇ ਸਕੂਲ ਵਿੱਚ WITS ਦੇ ਲੀਡਰ ਬਣ ਸਕਣ।




ਦੋਵੇਂ ਪ੍ਰੋਗਰਾਮ WITS ਦੇ ਸੁਨੇਹੇ ਨੂੰ ਸਕੂਲਾਂ ਵਿਚ ਸੂਬਾਈ ਅਤੇ ਖੇਤਰੀ ਪਾਠਕ੍ਰਮ ਨਾਲ ਜੋੜਿਆਂ, ਇੱਕ ਸਾਹਿਤ-ਅਧਾਰਿਤ ਪਾਠਕ੍ਰਮ ਵਰਤਦੇ ਹਨ। ਪੀਅਰ ਅਤਿਆਚਾਰ ਦੇ ਰੋਕਥਾਮ ਲਈ ਜਵਾਬਦੇਹ ਭਾਈਚਾਰੇ ਬਣਾਉਣ ਲਈ ਪਰਿਵਾਰ ਅਤੇ ਕਮਿਊਨਿਟੀ ਆਗੂ ਸ਼ਾਮਲ ਕਰਦੇ ਹਨ।

> "ਅਧਿਆਪਕ ਇਸ ਨੂੰ ਬੱਚੇ ਦੇ ਸਾਹਿਤ-ਅਧਾਰਿਤ ਸਬਕ, ਕਿੰਡਰਗਾਰਟਨ ਤੋਂ ਗਰੇਡ 6 ਤੱਕ ਇਸ ਨੂੰ ਯੋਜਨਾਬਧ ਅਤੇ ਆਸਾਨ ਤਰੀਕੇ ਨਾਲ ਵਰਤ ਸਕਦੇ ਹਨ। ਮੈਂ WITS ਨੂੰ ਇੱਕ ਧੱਕੇਸ਼ਾਹੀ ਦੀ ਰੋਕਥਾਮ ਦੇ ਪ੍ਰੋਗਰਾਮ ਦੇ ਤੌਰ ਤੇ ਮਾਪਿਆਂ, ਅਧਿਆਪਕਾਂ ਅਤੇ ਭਾਈਚਾਰੇ ਨੂੰ ਇਸ ਦੀ ਸਿਫਾਰਸ਼ ਕਰਦੀ ਹਾਂ।"
>
> DR. MARY HALL,
> SAFE SCHOOLS MANITOBA






## ਕੀ ਤੁਹਾਨੂੰ ਮੱਦਦ ਦੀ ਲੋੜ ਹੈ?

ਅਸੀਂ ਤੁਹਾਡੇ ਤੋਂ ਸੁਣਨਾ ਪਸੰਦ ਕਰਾਂਗੇ। ਸਾਨੂੰ ਈਮੇਲ ਕਰੋ wits@uvic.ca ਜਾਂ ਟੋਲ ਫਰੀ ਨੰਬਰ 1-855-858-8766 ਤੇ ਸੰਪਰਕ ਕਰੋ।

### ਤਾਜ਼ਾ ਖਬਰਾਂ ਅਤੇ ਅੱਪਡੇਟ ਲਈ:

- Facebook.com/witsprograms
- Twitter.com/witsprograms
- Pinterest.com/witsprograms

# WITS® ਪ੍ਰੋਗਰਾਮ






## ਪੀਅਰ ਅੱਤਿਆਚਾਰ ਲਈ ਭਾਈਚਾਰੇ ਨੂੰ ਜਵਾਬਦੇਹ ਬਣਾਉਣਾ

W alk Away
I gnore
T alk it Out
S eek Help

www.witsprogram.ca

# ਹਰ ਕਿਸੇ ਲਈ, ਰੋਲ ਅਤੇ ਸਰੋਤ

ਪ੍ਰੋਗਰਾਮ: ਛੋਟੇ ਬੱਚੇ ਵਿੱਚ ਪੀਅਰ ਅਤਿਆਚਾਰ ਨੂੰ ਰੋਕਣ, ਸਧਾਰਨ ਤਣੀ ਅਤੇ ਸਮਾਜਿਕ ਹੁਨਰ ਵੱਧ ਹੋਣ ਦੀ ਲੋੜ ਹੈ, ਇਸ ਲਈ ਭਾਈਚਾਰੇ ਦੇ ਸਮਰਪਿਤ ਲੋਕ, ਜਿਸ ਵਿੱਚ ਸਿੱਖਿਆ ਦੇਣ ਵਾਲੇ, ਪਰਿਵਾਰ, ਕਮਿਊਨਟੀ ਦੇ ਲੀਡਰ ਅਤੇ ਬੱਚੇ, ਜੇ ਮਿੱਲ ਕੇ ਕੰਮ ਕਰਨ ਤੇ ਇੱਕ ਤਬਦੀਲੀ ਲਿਆ ਸਕਦੇ ਹਨ। WITS ਵੈਬਸਾਈਟ ਇਹਨਾਂ ਸਾਰੇ ਗਰੁੱਪਾਂ ਨੂੰ ਵਿਹਾਰਕ ਵਸੀਲੇ ਪ੍ਰਦਾਨ ਕਰਦੀ ਹੈ।ਅੰਗਰੇਜ਼ੀ ਦੇ ਵਸੀਲੇ ਤੁਸੀਂ www.witsprogram.ca ਅਤੇ ਫਰੈਂਚ ਦੇ ਵਸੀਲੇ ਤੁਸੀਂ www.witsdire.ca ਤੇ ਪ੍ਰਾਪਤ ਕਰ ਸਕਦੇ ਹੋ।

> "ਇਸ ਵਿੱਚ ਪੁਲਿਸ ਅਫਸਰ, ਸਕੂਲ ਦੇ ਸਲਾਹਕਾਰ, ਅਧਿਆਪਕ ਮਾਤਾ ਜਾਂ ਪਿਤਾ ਦੀ ਸਿਰਫ ਭੂਮਿਕਾ ਹੀ ਨਹੀਂ ਹੈ, ਇਸ ਲਈ ਸਾਨੂੰ ਸਾਰਿਆਂ ਨੂੰ ਮਿੱਲ ਕੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਸਾਡੇ ਸਕੂਲਾਂ ਅਤੇ ਸਾਡੀਆਂ ਕਮਿਊਨਿਟੀਆਂ, ਸਾਡੇ ਬੱਚਿਆਂ ਲਈ ਸੁੱਰਖਿਅਤ ਅਤੇ ਅਰਾਮਦਾਇਕ ਸਥਾਨ ਬਣ ਜਾਣ।"
>
> ਆਰ.ਸੀ.ਐਮ.ਪੀ ਅਫਸਰ, Constable Julie Chanin



## WITS ਸਕੂਲਾਂ ਵਾਸਤੇ:

WITS ਸਿੱਖਿਅਤ ਲੋਕਾਂ ਦਾ ਸਿੱਖਿਅਤ ਲੋਕਾਂ ਨੂੰ ਸਿੱਖਿਆ ਦੇਣ ਵਾਲਾ ਪ੍ਰੋਗਰਾਮ ਹੈ, ਜੋ ਕਿ ਇੱਕ ਸਿੱਖਿਆਦਾਇਕ ਵਾਤਾਵਰਣ ਪੈਦਾ ਕਰਦਾ ਹੈ ਨਾ ਕਿ ਵਰਕਲੋਡ। ਇਸ ਸੈਕਸ਼ਨ ਵਿੱਚ ਅਧਿਆਪਕ WITS ਨੂੰ ਆਪਣੀ ਰੋਜ਼ਾਨਾ ਦੀ ਕਲਾਸ ਦੀ ਜ਼ਿੰਦਗੀ ਵਿਚ ਵਰਤਣ ਲਈ ਉਸਦੇ ਸਰੋਤ ਅਤੇ ਲੈਸਨ ਦੀ ਮੱਦਦ ਲੈ ਸਕਦੇ ਹਨ।



## WITS ਕਮਿਊਨਿਟੀ ਲੀਡਰਾਂ ਵਾਸਤੇ:

ਇਸ ਲਈ ਛੋਟੀ ਜਿਹੀ ਵੱਚਨਬੱਧਤਾ ਦੀ ਲੋੜ ਹੈ। WITS ਸੰਕਟਕਾਲੀ ਸੇਵਾ ਕਰਮਚਾਰੀ, ਹਾਈ ਸਕੂਲ ਦੇ ਵਿਦਿਆਰਥੀ, ਬਜ਼ੁਰਗ ਅਤੇ ਹੋਰ ਰੋਲ ਮਾਡਲ ਲੋਕਾਂ ਨੂੰ ਪੰਜ ਮਿੰਟ ਹੀਰੋ ਦੇ ਰੂਪ ਵਿੱਚ ਉਭਾਰਦਾ ਹੈ। ਇਸ ਸੈਕਸ਼ਨ ਵਿੱਚ ਕਮਿਊਨਿਟੀ ਲੀਡਰਾਂ ਨੂੰ ਆਪਣੇ ਰੋਲ ਲਈ ਸੁਝਾਅ ਅਤੇ ਸਰੋਤ ਲੱਭ ਕੇ ਦਿੱਤੇ ਜਾਂਦੇ ਹਨ।



## WITS ਪਰਿਵਾਰਾਂ ਵਾਸਤੇ:

ਭਾਵੇਂ ਕਿ WITS ਸਕੂਲਾਂ ਵਿੱਚ ਸ਼ੁਰੂ ਹੁੰਦਾ ਹੈ। ਮਾਪੇ ਬੱਚਿਆਂ ਨੂੰ WITS ਦੇ ਬਾਰੇ ਸਕੂਲ ਤੋਂ ਬਾਹਰ ਸਿੱਖਿਆ ਦੇਣ ਵਿੱਚ ਇੱਕ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਵਿੱਚ ਮਾਪੇ ਪੀਅਰ ਟਕਰਾਅ ਦੇ ਬਾਰੇ ਵਿੱਚ ਸਿੱਖਦੇ ਹਨ ਕਿ ਉਹ ਕਿਸ ਤਰ੍ਹਾਂ ਆਪਣੇ ਬੱਚਿਆਂ ਨੂੰ ਇਸ ਬਾਰੇ ਦੱਸ ਸਕਦੇ ਹਨ ਅਤੇ ਕਿਸ ਤਰ੍ਹਾਂ ਉਹ WITS ਦੀ ਘਰ ਅਤੇ ਸਕੂਲ ਵਿੱਚ ਸਪੋਰਟ ਕਰ ਸਕਦੇ ਹਨ।



## WITS ਬੱਚਿਆਂ ਵਾਸਤੇ:

ਇਸ ਸੈਕਸ਼ਨ ਵਿੱਚ WITS ਦੁਆਰਾ ਪੀਅਰ ਟਕਰਾਅ ਲਈ ਛੋਟੇ ਬੱਚਿਆਂ ਦੇ ਇੰਟਰੈਕਟਿਵ, ਬੱਚਿਆਂ ਦੇ ਅਨਕੂਲ ਸਮੱਗਰੀ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਵੱਡੇ ਬੱਚੇ ਹੋਰ ਗੁੰਝਲਦਾਰ ਸੱਮਸਿਆ ਨੂੰ ਹੱਲ ਕਰਨ ਦੀ ਰਣਨੀਤੀ,ਵਸੀਲਿਆ ਨਾਲ ਲੈਸ WITS ਦੇ ਲੀਡਰ ਬਣਦੇ ਹਨ।

## ਹੋਰ ਮੁਫਤ ਵਸੀਲੇ ਤੁਸੀਂ www.witsprogram.ca ਤੋਂ ਇਸਤੇਮਾਲ ਕਰ ਸਕਦੇ ਹੋ

- ਕਿਤਾਬਾਂ ਦੀ ਸੂਚੀ - ਇਸ ਸੂਚੀ ਵਿੱਚ ਫਰੈਂਚ ਅਤੇ ਅੰਗਰੇਜ਼ੀ ਵਿੱਚ ਆਦਿਵਾਸੀ ਸੰਖੇਪ, ਪੀਅਰ ਟਕਰਾਅ ਅਤੇ ਦੂਜਿਆਂ ਦੀ ਮੱਦਦ ਦੀਆਂ ਹੋਰ ਮਹੱਤਵਪੂਰਨ ਜਾਣਕਾਰੀ ਦੀਆਂ ਕਿਤਾਬਾਂ ਹਨ। ਇਸ ਵਿੱਚ ਅਧਿਆਪਕਾਂ ਅਤੇ ਮਾਪਿਆਂ ਲਈ ਬਹੁਤ ਹੀ ਮਹੱਤਵਪੂਰਨ ਸਬਕ ਪਲੈਨ ਹਨ।
- ਅਧਿਆਪਕਾਂ ਲਈ ਆਨਲਾਈਨ ਸਿਖਲਾਈ ਪ੍ਰੋਗਰਾਮ - ਅਧਿਆਪਕ ਸਿੱਖਿਆ ਪ੍ਰਵਾਨਿਤ WITS ਪ੍ਰੋਗਰਾਮ ਦੇ 90 ਮਿੰਟ ਦੀ ਸਿਖਲਾਈ ਮੈਡਿਊਲ ਦੇ ਪ੍ਰੋਗਰਾਮ ਨੂੰ ਸਿੱਖ ਕੇ WITS ਇਸ ਪ੍ਰੋਗਰਾਮ ਨੂੰ ਕਿਸ ਤਰ੍ਹਾਂ ਲਾਗੂ ਕਰਨਾ ਹੈ ਸਿੱਖ ਸਕਦੇ ਹਨ।
- ਕਮਿਊਨਿਟੀ ਆਗੂਆਂ ਲਈ ਆਨਲਾਈਨ ਸਿਖਲਾਈ ਪ੍ਰੋਗਰਾਮ - ਇੱਕ ਘੰਟਾ ਲੰਬਾ ਇਹ ਆਨਲਾਈਨ ਪ੍ਰੋਗਰਾਮ ਸੰਟਕਕਾਲੀ ਸੇਵਾਵਾਂ ਪ੍ਰਦਾਨ ਕਰਨ ਵਾਲਿਆਂ,ਹਾਈ ਸਕੂਲ ਦੇ ਵਿਦਿਆਰਥੀਆਂ,ਬਜ਼ੁਰਗਾਂ ਅਤੇ ਕਮਿਊਨਿਟੀ ਦੇ ਹੋਰ ਰੋਲ ਮਾਡਲਾਂ ਨੂੰ ਉਨ੍ਹਾਂ ਦੇ WITS ਦੇ ਰੋਲ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ।
- ਮਾਪਿਆਂ ਲਈ WITS ਟੂਲਕਿੱਟ - ਇਹ ਕੁਲੈਕਸ਼ਨ ਇਕ ਵਿਹਾਰਕ ਸਰੋਤ ਹਨ ਜੋ ਮਾਪਿਆਂ ਨੂੰ WITS ਨੂੰ ਉਹਨਾਂ ਦੀ ਰੋਜ਼ਾਨਾ ਜ਼ਿੰਦਗੀ ਵਿਚ ਵਰਤੋਂ ਕਰਨਾ ਸਿਖਾਉਂਦਾ ਹੈ ਅਤੇ ਜਿਸ ਦੀ ਮੱਦਦ ਨਾਲ ਉਹ ਬੱਚਿਆਂ ਦੇ ਟਕਰਾਅ ਅਤੇ ਅਤਿਆਚਾਰ ਬਾਰੇ ਬੱਚੇ ਦੀ ਰਿਪੋਰਟ ਨੂੰ ਅਸਰਦਾਰ ਤਰੀਕੇ ਨਾਲ ਜਵਾਬ ਦੇ ਸਕਣ।

